# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162


Epaper World Punjabi Times | 18 ਜੁਲਾਈ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ ਸਿਟੀ ਕੌਂਸਲ ਨੇ 23 ਜੁਲਾਈ ਨੂੰ 'ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜਾ' ਐਲਾਨਿਆ

### ਸਰੀ ਦੀ ਮੇਅਰ ਬਰਿੰਡਾ ਲੌਕ ਵੱਲੋਂ ਗੁਰੂ ਨਾਨਕ ਜਹਾਜ਼ ਨੂੰ ਸਮਰਪਿਤ ਐਲਾਨਨਾਮਾ' ਜਾਰੀ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 18 ਜੁਲਾਈ : ਕੈਨੇਡਾ ਦੇ ਪੁਰਾਤਨ ਇਤਿਹਾਸ ਵਿੱਚ ਪ੍ਰਵਾਸੀ ਪੰਜਾਬੀਆਂ ਨਾਲ ਹੋਈਆਂ ਨਸਲਵਾਦੀ ਵਧੀਕੀਆਂ ਦੇ ਮੱਦੇ-ਨਜ਼ਰ ਸਿਟੀ ਆਫ ਸਰੀ ਦੀ ਮੇਅਰ ਬਰਿੰਡਾ ਲੌਕ ਵੱਲੋਂ 'ਗੁਰੂ ਨਾਨਕ ਜਹਾਜ਼ ਨੂੰ ਸਮਰਪਿਤ ਐਲਾਨਨਾਮਾ' ਜਾਰੀ ਕੀਤਾ ਗਿਆ। ਜ਼ਿਕਰਯੋਗ ਹੈ ਕਿ 23 ਜੁਲਾਈ 1914 ਨੂੰ ਗੁਰੂ ਨਾਨਕ ਜਹਾਜ਼ ਕੈਨੇਡਾ ਦੀ ਧਰਤੀ ਤੋਂ, ਨਸਲੀ ਵਿਤਕਰੇ ਤੇ ਅਣਮਨੁੱਖੀ ਤਸ਼ੱਦਦ ਕਰਦਿਆਂ ਵਾਪਸ ਮੋੜ ਦਿੱਤਾ ਗਿਆ ਸੀ। ਗੁਰੂ ਨਾਨਕ ਜਹਾਜ਼ ਦੀ 111ਵੀਂ ਯਾਦਗਾਰੀ ਵਰ੍ਹੇ-ਗੰਢ 'ਤੇ ਸਿਟੀ ਆਫ ਸਰੀ ਨੇ 23 ਜੁਲਾਈ ਦੇ ਦਿਹਾੜੇ ਨੂੰ 'ਗੁਰੂ ਨਾਨਕ ਜਹਾਜ਼ ਰਿਮੈਬਰੈਂਸ ਡੇਅ' ਐਲਾਨ ਕੀਤਾ ਹੈ।


CITY OF SURREY
the future lives here.

Proclamation

GURU NANAK JAHAZ REMEMBRANCE DAY

July 23, 2025

WHEREAS The year 2025 marks the 111th Anniversary of the Guru Nanak Jahaz journey, a name of deep spiritual and cultural meaning, overshadowed by the commonly used name Komagata Maru, which carried 377 British subjects, including 341 Sikhs, 24 Muslims, and 12 Hindus from Punjab, British India, who were denied disembarkation under exclusionary immigration laws and ultimately forced to depart from Vancouver's Burrard Inlet on July 23, 1914;

WHEREAS The steamship Komagata Maru was chartered under the leadership of Baba Gurdit Singh, who established the Guru Nanak Jahaz Steamship Company. Renaming the vessel Guru Nanak Jahaz was a purposeful act that carried political, cultural, and spiritual significance. Today, descendants and communities across Canada remember this journey as a courageous stand against colonialism at home, only to be met with discrimination and injustice upon arrival;

WHEREAS the passengers met the legal requirements to enter Canada as British subjects, yet were confined to the ship for nearly two months without access to basic necessities, and were sustained through the efforts of local Sikh and Punjabi societies, along with Sikh, Muslim, Hindu, and Indigenous organizations that mobilized to provide support and facilitate access to the vessel;

WHEREAS Despite constitutionally challenging the discriminatory laws and appealing to British Columbia's highest court under the leadership of Baba Gurdit Singh and with the support of legal counsel, the laws were upheld, resulting in the ship's forced return to British India; upon arrival, 19 passengers were killed by British colonial forces at Budge Budge, with many others injured or imprisoned for their role in pursuing the Guru Nanak Jahaz journey;

WHEREAS The City of Surrey, home to one of the largest Sikh and Punjabi populations in Canada and is home to the descendants of the passengers that embarked on this journey, acknowledges the enduring legacy of the passengers and the families who carried forward their story with honour, strength, and faith across generations; and

- 2 -

WHEREAS The City recognizes the Guru Nanak Jahaz passengers' pursuit of dignity, equal opportunity, and justice, which faced discrimination under the Continuous Journey law. Their legacy stands as a continuous inspiration to fight against injustice and uphold equality, justice, and humanity for all.

NOW, THEREFORE, BE IT RESOLVED that I, Brenda Locke, do hereby declare July 23, 2025 as "GURU NANAK JAHAZ (KOMAGATA MARU) DAY OF REMEMBRANCE" in the City of Surrey.

Mayor Brenda Locke
City of Surrey

ਮੇਅਰ ਬਰਿੰਡਾ ਲੌਕ ਵੱਲੋਂ ਇਹ ਪ੍ਰੋਕਲੇਮੇਸ਼ਨ ਕੌਂਸਲ ਦੀ 14 ਜੁਲਾਈ ਦੀ ਮੀਟਿੰਗ ਵਿੱਚ ਰੱਖਿਆ ਗਿਆ, ਜਿਸ ਨੂੰ ਕੌਂਸਲਰ ਹੈਰੀ ਬੈਂਸ ਨੇ ਪੜ੍ਹਿਆ। ਮੇਅਰ ਨੇ ਕਿਹਾ ਕਿ ਆਮ ਕਰ ਕੇ ਐਲਾਨਨਾਮੇ ਕੌਂਸਲ ਇਕੱਤਰਤਾਵਾਂ ਦੌਰਾਨ ਪੜ੍ਹੇ ਨਹੀਂ ਜਾਂਦੇ, ਪਰ ਗੁਰੂ ਨਾਨਕ ਜਹਾਜ਼ ਦਾ ਐਲਾਨਨਾਮਾ ਵਿਸ਼ੇਸ਼ ਹੈ, ਜਿਸ ਕਰ ਕੇ ਕੌਂਸਲ ਦੀ ਕਾਰਵਾਈ ਦੌਰਾਨ ਮੁਕੰਮਲ ਪੜ੍ਹਿਆ ਜਾ ਰਿਹਾ ਹੈ।

ਇਸ ਉਪਰਾਲੇ ਲਈ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਦੇ ਪ੍ਰਬੰਧਕ ਡਾ. ਗੁਰਵਿੰਦਰ ਸਿੰਘ ਧਾਲੀਵਾਲ, ਰਾਜ ਸਿੰਘ ਭੰਡਾਲ ਅਤੇ ਬਲਜੀਤ ਕੌਰ ਸੈਣੀ ਸਮੇਤ ਸਮੂਹ ਟੀਮ ਨੇ ਸਰੀ ਸਿਟੀ ਦੀ ਮੇਅਰ ਬਰਿੰਡਾ ਲੌਕ, ਸਮੁੱਚੀ ਸਿਟੀ ਕੌਂਸਲ ਅਤੇ ਵਿਸ਼ੇਸ਼ ਕਰ ਸਰਬਜੀਤ ਸਿੰਘ ਬੈਂਸ ਦੇ ਅਣਥਕ ਉਪਰਾਲੇ ਦਾ ਧੰਨਵਾਦ ਕੀਤਾ।

23 ਜੁਲਾਈ, ਦਿਨ ਬੁਧਵਾਰ ਨੂੰ ਸਿਟੀ ਹਾਲ ਸਰੀ ਦੇ ਆਡੀਟੋਰੀਅਮ ਵਿਖੇ ਗੁਰੂ ਨਾਨਕ ਜਹਾਜ਼ ਦਿਹਾੜੇ 'ਤੇ ਸਮਾਗਮ ਹੋਵੇਗਾ, ਜਿਸ ਵਿੱਚ ਵੱਖ-ਵੱਖ ਸੰਸਥਾਵਾਂ ਸ਼ਾਮਿਲ ਹੋਣਗੀਆਂ। ਗੁਰੂ ਨਾਨਕ ਜਹਾਜ਼ ਰਿਮੈਬਰੈਂਸ ਡੇਅ ਦੇ ਸਿਟੀ ਆਫ ਸਰੀ ਦੇ ਐਲਾਨਨਾਮੇ ਤੋਂ ਪਹਿਲਾਂ, ਸਿਟੀ ਆਫ ਵੈਨਕੂਵਰ ਵੱਲੋਂ ਇਸ ਸਾਲ 23 ਮਈ ਨੂੰ ਗੁਰੂ ਨਾਨਕ ਜਹਾਜ਼ ਦਿਹਾੜਾ ਐਲਾਨ ਕੇ ਇਤਿਹਾਸਿਕ ਕਦਮ ਚੁੱਕਿਆ ਗਿਆ ਸੀ ਜੋ ਕਿ ਪ੍ਰਸ਼ੰਸਾਯੋਗ ਹੈ।

## ਇੰਗਲੈਂਡ ਨਿਵਾਸੀ ਡਾ. ਨਵਦੀਪ ਸਿੰਘ ਬਾਂਸਲ ਦਾ ਗੁਰਦੁਆਰਾ ਬਰੁੱਕਸਾਈਡ ਪੁੱਜਣ 'ਤੇ ਨਿੱਘਾ ਸਵਾਗਤ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 18 ਜੁਲਾਈ : ਬੀਤੇ ਦਿਨ ਇੰਗਲੈਂਡ ਨਿਵਾਸੀ ਡਾ. ਨਵਦੀਪ ਸਿੰਘ ਬਾਂਸਲ ਦਾ ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਚ ਪਹੁੰਚਣ 'ਤੇ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਅਤੇ ਹਾਜ਼ਰ ਲਾਈਫ ਮੈਬਰਾਂ ਵੱਲੋਂ ਨਿੱਘਾ ਸੁਵਾਗਤ ਕੀਤਾ ਗਿਆ। ਡਾ.ਨਵਦੀਪ ਸਿੰਘ ਬਾਂਸਲ ਵਿਸ਼ਵ ਪੱਧਰ ਦਾ 14ਵਾਂ ਸਾਲਾਨਾ ਸਿੱਖ ਅਵਾਰਡ ਸਮਾਰੋਹ ਇਸ ਵਾਰ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਵੈਨਕੂਵਰ ਵਿਚ ਕਰਵਾਉਣ ਦੇ ਸਿਲਸਿਲੇ ਵਿਚ ਇੱਥੇ ਆਏ ਹੋਏ ਹਨ। ਤਿਮਾਹੀ ਮੈਗਜ਼ੀਨ "ਕੈਨੇਡਾ ਟੈਬਲਾਇਡ" ਦੇ ਮੈਨੇਜਿੰਗ ਐਡੀਟਰ ਜਸਵਿੰਦਰ ਸਿੰਘ ਦਿਲਾਵਰੀ ਬਾਂਸਲ ਸਾਹਿਬ ਨੂੰ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਨਤਮਸਤਕ ਹੋਣ ਲਈ ਲੈ ਕੇ ਆਏ। ਸੁਸਾਇਟੀ ਦੇ ਪਬਲਿਕ ਰੀਲੇਸ਼ਨ ਸੁਰਿੰਦਰ ਸਿੰਘ ਜੱਬਲ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਸੁਸਾਇਟੀ ਵੱਲੋਂ ਸੁਆਗਤ ਕੀਤਾ। ਜਸਵਿੰਦਰ ਦਿਲਾਵਰੀ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਲਈ ਬੇਹੱਦ ਸੁਭਾਗ ਦੀ ਗੱਲ ਹੈ ਕਿ ਵਿਸ਼ਵ ਭਰ ਵਿਚ ਪ੍ਰਮਾਣਿਤ ਸਿੱਖ ਅਵਾਰਡ ਸਮਾਗਮ ਇਸ ਵਾਰ ਪਹਿਲੀ ਨਵੰਬਰ ਨੂੰ ਵੈਨਕੂਵਰ ਵਿਖੇ ਹੋ ਰਿਹਾ ਹੈ।

ਅੰਤ ਵਿਚ ਸੁਸਾਇਟੀ ਮੈਂਬਰਾਂ ਵੱਲੋਂ ਡਾ.ਨਵਦੀਪ ਸਿੰਘ ਬਾਂਸਲ ਨੂੰ ਸਿਰੋਪੇ ਅਤੇ ਕੈਨਡੀਅਨ ਰਾਮਗੜ੍ਹੀਆ ਸੁਸਾਇਟੀ ਦੀਆਂ ਯਾਦਗਾਰੀ ਪਿੰਨਾਂ ਅਤੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਤਿੰਨ ਸੌ ਸਾਲਾ ਸੋਵੀਨਰ ਨਾਲ ਸਨਮਾਨਿਤ ਕੀਤਾ ਗਿਆ।

## ਤਾਂਤਰਿਕ ਇੰਝ ਵੀ ਲੁੱਟ ਕਰ ਜਾਂਦੇ ਹਨ – ਤਰਕਸ਼ੀਲ

### ਤਰਕਸ਼ੀਲਾਂ ਵੱਲੋਂ ਅੰਧਵਿਸ਼ਵਾਸਾਂ ਦੇ ਭਰਮ ਜਾਲ ਵਿੱਚੋਂ ਨਿਕਲਣ ਦਾ ਸੁਨੇਹਾ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਭਾਰਤ ਦੇ ਮਿਹਨਤੀ ਤੇ ਇਮਾਨਦਾਰ ਲੋਕ ਅਖੌਤੀ ਸਿਆਣਿਆਂ ਦੇ ਭਰਮ ਜਾਲ ਵਿਚੋਂ ਨਿਕਲ ਨਹੀਂ ਰਹੇ। ਅਖੌਤੀ ਸਿਆਣੇ ਉਨ੍ਹਾਂ ਨੂੰ ਲੁੱਟਣ,ਠੱਗਣ ਲਈ ਤਰਾਂ ਤਰਾਂ ਦੇ ਜਾਲ ਵਿਛਾਂਦੇ ਰਹਿੰਦੇ ਹਨ। ਲੋਕਾਂ ਦਾ ਲੋਕਾਂ ਦਾ ਨਜ਼ਰੀਆ ਵਿਗਿਆਨਕ ਨਾ ਹੋਣ ਕਾਰਨ ਉਹ ਅਖੌਤੀ ਸਿਆਣਿਆਂ, ਬਾਬਿਆਂ ਦੇ ਭਰਮਜਾਲ ਵਿੱਚ ਫਸ ਕੇ ਆਪਣੀ ਸਰੀਰਕ, ਮਾਨਸਿਕ ਤੇ ਆਰਥਿਕ ਲੁੱਟ ਕਰਵਾਉਂਦੇ ਰਹਿੰਦੇ ਹਨ।ਕਿੰਨੀਆਂ ਹੀ ਬਿਮਾਰ ਔਰਤਾਂ ਨੂੰ ਠੀਕ ਕਰਨ ਦੇ ਬਹਾਨੇ ਤਾਂਤਰਿਕਾਂ ਨੇ ਆਪਣੀ ਹਵਸ ਦਾ ਸ਼ਿਕਾਰ ਬਣਾਇਆ, ਕਈਆਂ ਦੇ ਘਰਾਂ ਵਿੱਚ ਦੁੱਖ ਦਲਿਦਰ ਦੂਰ ਕਰਨ ਦੇ ਬਹਾਨੇ ਸਾਰੇ ਟੱਬਰ ਨੂੰ ਬੇਹੋਸ਼ ਕਰਕੇ ਸਭ ਕੁੱਝ ਲੁੱਟ ਕੇ ਲੈ ਗਏ। ਤਾਂਤਰਿਕ ਇਸ ਤਰ੍ਹਾਂ ਵੀ ਲੁੱਟ ਕੇ ਲੈ ਜਾਂਦੇ ਹਨ। ਮੈਂ ਇੱਕ ਸੱਚੀ ਘਟਨਾ ਦਾ ਜ਼ਿਕਰ ਕਰ ਰਿਹਾ ਹਾਂ।

ਇੱਕ ਵਾਰ ਇੱਕ ਅੰਧਵਿਸ਼ਵਾਸੀ ਔਰਤ  ਇਸ ਗਲ ਦੀ ਵਹਿਮ ਦੀ ਸ਼ਿਕਾਰ ਹੋ ਗਈ ਕਿ ਉਸਨੂੰ ਰੋਜ਼ ਰਾਤ ਨੂੰ ਭੂਤ ਪ੍ਰੇਤ ਨਜ਼ਰ ਆਉਂਦਾ ਹੈ। ਮਨੋਕਲਪਿਤ ਓਪਰੀ ਬਲਾ ਦੂਰ ਕਰਨ ਲਈ ਉਸ ਨੇ ਇੱਕ ਤਾਂਤਰਿਕ ਦੀ ਸੇਵਾ ਲਈ ਜਿਸ ਨੇ ਉਸਨੂੰ ਪੰਜ ਮੂਰਤੀਆਂ ਲਿਆਉਣ ਲਈ ਕਿਹਾ। ਔਰਤ ਪੰਜ ਮੂਰਤੀਆਂ ਲੈ ਆਈ। ਘਰ ਵਿੱਚ ਔਰਤ ਤੇ ਉਸ ਦੇ ਛੋਟੇ ਬੱਚਿਆਂ ਤੋਂ ਬਿਨਾਂ ਹੋਰ ਵਿਅਕਤੀ ਘਰ ਵਿੱਚ ਨਹੀਂ ਸੀ।ਤਾਂਤਰਿਕ  ਕੁੱਝ ਊਟ ਪਟਾਂਗ ਮੰਤਰ / ਸ਼ਬਦ ਬੋਲਦਾ ਰਹਿੰਦਾ ਅਤੇ ਹਰ ਮੰਤਰ ਬਾਅਦ ਹਰ ਇੱਕ ਮੂਰਤੀ ਉੱਤੇ 25 – 25 ਹਜ਼ਾਰ ਰੁਪੈ ਰਖਵਾ ਲੈਂਦਾ ਅਤੇ ਇਸ ਪ੍ਰਕਾਰ ਸਵਾ ਲੱਖ ਰੁਪੈ ਹੋ ਗਏ ,ਅੰਤ ਵਿਚ ਉਸਦੀਆਂ ਕੰਨਾਂ ਦੀਆਂ ਵਾਲੀਆਂ ਵੀ ਰਖਵਾ ਲਈਆਂ। ਫੇਰ ਕੁੱਝ ਮੰਤਰ ਬੋਲ ਕੇ ਇੱਕ ਦਮ ਔਰਤ ਨੂੰ ਕਿਹਾ ਕਿ ਇੱਕ ਘੰਟਾ ਛੱਤ ਤੇ ਜਾ ਕੇ ਵੇਖਦੀ ਰਹਿ ਤੈਨੂੰ ਭੂਤ ਭੱਜਦੇ ਹੋਏ ਨਜ਼ਰ ਆਉਣਗੇ। ਘੰਟੇ ਤੋਂ ਪਹਿਲਾਂ ਹੇਠਾਂ ਨਹੀਂ ਆਉਣਾ। ਮੇਰੇ ਕੋਲੋਂ ਡਰਦੇ ਹੋਏ ਕੋਠੇ ਤੋਂ ਭੱਜਣਗੇ। ਮੇਰੀ ਕੋਸ਼ਿਸ਼ ਹੋਵੇਗੀ ਕਿ ਭੂਤ ਪੈਸਿਆਂ ਦਾ ਨੁਕਸਾਨ ਨਾ ਕਰ ਸਕੇ। ਪੈਸੇ ਇਥੇ ਹੀ ਪਏ ਰਹਿਣਗੇ , ਭੂਤ ਨੂੰ ਉਨ੍ਹਾਂ ਨੂੰ ਲਿਜਾਣ ਨਹੀਂ ਦਿੱਤਾ ਜਾਵੇਗਾ, ਸਿਰਫ਼ ਭੂਤ ਹੀ ਭੱਜਣਗੇ।ਔਰਤ ਅੰਧਵਿਸ਼ਵਾਸੀ ਤੇ ਡਰੀ ਹੋਈ ਸੀ।ਔਰਤ ਛੱਤ ਉੱਤੇ ਗਈ, ਕੁੱਝ ਨਹੀਂ ਦਿਸਿਆ ਪਰ ਜਦੋਂ ਵਾਪਿਸ ਆਈ ਤਾਂ ਤਾਂਤਰਿਕ ਨੇ ਕਿਹਾ ਭੂਤ ਪੈਸੇ ਤੇ ਸਮਾਨ ਲੈ ਕੇ ਗਾਇਬ ਹੋ ਗਏ। ਤਾਂਤਰਿਕ ਨੇ ਕਿਹਾ ਹੁਣ ਤੋਂ ਬਾਅਦ ਤੈਨੂੰ ਭੂਤ ਨਹੀਂ ਦਿੱਸਣਗੇ। ਅੰਧਵਿਸ਼ਵਾਸਾਂ ਵਿੱਚ ਗ੍ਰੱਸੀ ਔਰਤ ਨੇ ਸਹੀ ਮੰਨ ਲਿਆ। ਉਸ ਦੀ ਮਨੋਦਸ਼ਾ ਵਿੱਚ ਕੋਈ ਫ਼ਰਕ ਨਹੀਂ ਪਿਆ।ਕੁੱਝ ਦਿਨਾਂ ਬਾਅਦ ਔਰਤ ਘਰ ਵਾਲੇ ਨੂੰ ਲੈ ਕੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਕੋਲ ਆਈ। ਤਰਕਸ਼ੀਲਾਂ ਦੀ ਤਿੰਨ ਮੈਂਬਰੀ ਟੀਮ ਗੁਰਦੀਪ ਸਿੰਘ ਲਹਿਰਾ, ਲੈਕਚਰਾਰ ਕ੍ਰਿਸ਼ਨ ਸਿੰਘ ਤੇ ਮੇਰੇ ਸਮੇਤ ਉਨ੍ਹਾਂ ਤੋਂ ਸਾਰੀ ਵਿਥਿਆ ਸੁਣੀ। ਅਸੀਂ ਕਿਹਾ ਪੈਸੇ ਤਾਂਤਰਿਕ ਲੈ ਗਿਆ ਹੈ, ਪੁਲਿਸ ਕੋਲ ਕੇਸ ਦਰਜ ਕਰਵਾਓ। ਪੁਲਿਸ ਕੋਲ ਕੇਸ ਤਾਂ ਉਨ੍ਹਾਂ ਨਹੀਂ ਕਰਵਾਇਆ ਨਾ ਹੀ ਸਾਨੂੰ ਲਿੱਖ ਕੇ ਦਿੱਤਾ।ਪਰ ਸਾਡੀ ਤਿੰਨ ਮੈਂਬਰੀ ਟੀਮ ਨੇ ਔਰਤ ਦੇ ਅੰਦਰੋਂ ਮਨੋਕਲਪਿਤ ਭੂਤ -ਪ੍ਰੇਤਾਂ ਦੇ ਡਰ ਨੂੰ ਗਲਬਾਤ ਵਿਧੀ ਰਾਹੀਂ ਉਸਾਰੂ ਤੇ ਸਾਰਥਿਕ ਸੁਝਾਵਾਂ ਰਾਹੀਂ ਸਾਫ਼ ਕਰ ਦਿੱਤਾ। ਅਗਲੇ ਹਫਤੇ ਫਿਰ ਬੁਲਾਇਆ ਗਿਆ ਤੇ ਉਸਨੇ ਕਿਹਾ ਮੈਂ ਹੁਣ ਬਿਲਕੁਲ ਠੀਕ ਹਾਂ, ਪੂਰੀ ਨੀਂਦ ਆਉਂਦੀ ਹੈ ਤੇ ਬਿਨਾਂ ਡਰ ਤੋਂ ਘਰ ਦਾ ਕੰਮ ਕਰਦੀ ਹਾਂ।ਸੋ ਲੋਕਾਂ ਦਾ ਨਜ਼ਰੀਆ ਵਿਗਿਆਨਕ ਨਾ ਹੋਣ ਕਰਕੇ ਔਰਤਾਂ ਨਾਲ ਲੁੱਟ ਦੇ ਅਜਿਹੇ ਕੇਸ ਵਾਪਰਦੇ ਰਹਿੰਦੇ ਹਨ।ਜਿਹੜੇ ਦੇਸ਼ ਵਿਚ ਵਿਗਿਆਨ ਨਾਲ ਸਬੰਧਤ ਕਾਲਜ, ਯੂਨੀਵਰਸਿਟੀਆਂ , ਡਾਕਟਰੀ ਸੰਸਥਾਵਾਂ ਤੇ ਹਸਪਤਾਲਾਂ ਨਾਲੋਂ ਧਾਰਮਿਕ ਸਥਾਨ ਵਧ ਹੋਣਗੇ, ਉਥੇ ਲੋਕਾਂ ਦਾ ਦ੍ਰਿਸ਼ਟੀਕੋਣ ਵਿਗਿਆਨਕ ਬਣਨ ਦੀ ਥਾਂ ਅੰਧਵਿਸ਼ਵਾਸੀ ਤੇ ਵਹਿਮੀ ਹੀ ਬਣੇਗਾ। ਸਾਡੇ ਲੋਕ ਅਖੌਤੀ ਸਿਆਣਿਆਂ ਦੇ ਭਰਮਜਾਲ ਵਿੱਚ ਪੈ ਕੇ ਆਪਣੀ ਲੁੱਟ ਕਰਵਾਉਂਦੇ ਰਹਿਣਗੇ।ਸਾਡੀ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਵਿਗਿਆਨਕ ਖੋਜਾਂ, ਕਾਢਾਂ ਨੂੰ ਲੋਕਾਂ ਨੂੰ ਵਿਗਿਆਨਕ ਸੋਚ ਪ੍ਰਤੀ ਜਾਗਰੂਕ ਕਰ ਲਈ ਵਰਤੇ ਤਾਂ ਜੋ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਹੋ ਸਕੇ।ਕਿਸੇ ਵੀ ਧਰਮ ਦੇ ਪਾਖੰਡ ਜਾਂ ਪਾਖੰਡਾਂ ਰਾਹੀਂ ਕੀਤੀ ਜਾਂਦੀ ਲੁੱਟ ਦਾ ਵਿਰੋਧ ਕਰਨਾ ਧਾਰਮਿਕ ਲੋਕਾਂ ਦੀ ਆਸਥਾ ਤੇ ਸੱਟ ਨਹੀਂ ਬਲਕਿ ਲੋਕਾਂ ਨੂੰ ਚੇਤੰਨ ਕਰਨਾ ਹੈ, ਲੋਕਾਂ ਦੇ ਭਲੇ ਦੀ ਗੱਲ ਹੁੰਦੀ ਹੈ। ਪੁਜਾਰੀ ਵਰਗ ਆਪਣੇ ਲਾਲਚ ਵੱਸ ਇਸ ਨੂੰ ਉਲਟ ਪਾਸੇ ਲੈ ਕੇ ਜਾਣ ਦੀ ਕੋਸ਼ਿਸ਼ ਵਿੱਚ ਹੁੰਦਾ ਹੈ। ਮਹਾਰਾਸ਼ਟਰ ਵਿਚ ਡਾਕਟਰ  ਦਾਭੋਲਕਰ ਅੰਧਵਿਸ਼ਵਾਸ ਦੇ ਵਿਰੁੱਧ ਪ੍ਰਚਾਰ ਕਰਕੇ ਲੋਕਾਂ ਦੇ ਭਲੇ ਦੀ ਗੱਲ ਕਰ ਸਨ ਅਤੇ ਉਹਨਾਂ ਨੇ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਪਾਸ ਕਰਵਾਉਣਾ ਚਾਹਿਆ। ਕੱਟੜ ਸੋਚ ਵਾਲਿਆਂ ਨੇ ਦਾਭੋਲਕਰ ਦੀਆਂ ਗਤੀਵਿਧੀਆਂ ਧਰਮ ਵਿਰੋਧੀ ਮੰਨਦੇ ਹੋਏ ਉਹਨਾਂ ਮਾਰ ਦਿੱਤਾ। ਇਸੇ ਤਰਾਂ ਕਾਮਰੇਡ ਪਨਸਾਰੇ , ਐਮ ਐਮ ਕਲਬੁਰਜੀ ਅਤੇ ਲੇਖਿਕਾ ਗੌਰੀ ਲੰਕੇਸ਼ ਨੂੰ ਮਾਰ ਦਿੱਤਾ।ਅੱਜ ਦੇ ਸਮੇਂ ਦੀ ਮੰਗ ਹੈ ਕਿ ਲੋਕ ਲਾਈਲੱਗਤਾ, ਅੰਧਵਿਸ਼ਵਾਸ, ਵਹਿਮ ਭਰਮ ਤੇ ਰੂੜ੍ਹੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਸੋਚ ਦੀ ਰੋਸ਼ਨੀ ਵਿੱਚ ਆਉਣ ਤਾਂ ਜੋ ਉਹ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਪਰਜੀਵੀਆਂ ਨੂੰ ਲੁਟਾਉਣ ਦੀ ਥਾਂ ਆਪਣੇ ਪਰਿਵਾਰ ਤੇ ਖਰਚ ਕਰ ਸਕਣ।ਅਸਲ ਵਿੱਚ ਉਹ ਦੇਸ ਵੱਧ ਤਰੱਕੀ ਕਰਦੇ ਹਨ ਤੇ ਲੋਕਾਂ ਦਾ ਜੀਵਨ ਸੁਖੀ ਤੇ ਖੁਸ਼ਹਾਲ ਹੁੰਦਾ ਹੈ ਜਿਸ ਦੇਸ਼ ਦੇ ਲੋਕਾਂ ਦਾ ਨਜ਼ਰੀਆ ਵਿਗਿਆਨਕ ਹੈ।ਇਸ ਲਈ ਸਾਨੂੰ ਲਾਈਲੱਗਤਾ ਛੱਡ ਕੇ ਆਪਣਾ ਦ੍ਰਿਸ਼ਟੀਕੋਣ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।ਸੋ ਆਓ ਆਪਾਂ ਵਿਗਿਆਨਕ ਸੋਚ ਅਪਣਾਈਏ ਤੇ ਅੰਧਵਿਸ਼ਵਾਸਾਂ ਦੀ ਦਲਦਲ ਤੋਂ ਬਾਹਰ ਆਈਏ।

## 'ਸਿੱਖ ਐਵਾਰਡ 2025' ਸਮਾਰੋਹ ਪਹਿਲੀ ਨਵੰਬਰ ਨੂੰ ਵੈਨਕੂਵਰ ਵਿੱਚ ਹੋਵੇਗਾ- ਡਾ. ਨਵਦੀਪ ਸਿੰਘ ਬਾਂਸਲ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 18 ਜੁਲਾਈ : ਦੁਨੀਆਂ ਭਰ ਵਿੱਚ ਵੱਸਦੇ ਸਿੱਖ ਜਗਤ ਲਈ ਵੱਕਾਰੀ ਸਿੱਖ ਐਵਾਰਡ ਸਮਾਰੋਹ ਇਸ ਵਾਰ ਵੈਨਕੂਵਰ ਵਿੱਚ ਕਰਵਾਇਆ ਜਾ ਰਿਹਾ ਹੈ। ਬੀਤੇ ਦਿਨ ਇਕ ਪ੍ਰੈੱਸ ਕਾਨਫਰੰਸ ਦੌਰਾਨ ਇਸ ਐਵਾਰਡ ਨੂੰ ਸ਼ੁਰੂ ਕਰਨ ਵਾਲੇ ਯੂ.ਕੇ. ਨਿਵਾਸੀ ਡਾ.ਨਵਦੀਪ ਸਿੰਘ ਬਾਂਸਲ ਨੇ ਦੱਸਿਆ ਕਿ ਹਰ ਸਾਲ ਦਿੱਤੇ ਜਾਂਦੇ ਇਹ ਐਵਾਰਡ ਦੁਨੀਆਂ ਭਰ ਵਿੱਚੋਂ ਪ੍ਰਭਾਵਸ਼ਾਲੀ ਸਿੱਖ ਸ਼ਖ਼ਸੀਅਤਾਂ ਨੂੰ ਪ੍ਰਦਾਨ ਕੀਤੇ ਜਾਂਦੇ ਹਨ ਜਿਨ੍ਹਾਂ ਲਈ 12 ਵਰਗ ਨਿਰਧਾਰਿਤ ਹਨ। ਇਸ ਤੋਂ ਇਲਾਵਾ ਇਕ ਐਵਾਰਡ ਲਈ ਕਿਸੇ ਗੈਰ ਸਿੱਖ ਸ਼ਖ਼ਸੀਅਤ ਦੀ ਚੋਣ ਕੀਤੀ ਜਾਂਦੀ ਹੈ ਜਿਸ ਨੇ ਸਿੱਖ ਜਗਤ ਲਈ ਕੋਈ ਬਹੁਤ ਅਹਿਮ ਯੋਗਦਾਨ ਪਾਇਆ ਹੋਵੇ।



ਡਾ. ਬਾਂਸਲ ਦੱਸਿਆ ਕਿ ਇਹ ਐਵਾਰਡ ਸਮਾਰੋਹ ਹਰ ਸਾਲ ਬਦਲਵੇਂ ਦੇਸ਼ ਵਿੱਚ ਕਰਵਾਇਆ ਜਾਂਦਾ ਹੈ ਅਤੇ ਇਸ ਸਾਲ ਲਈ ਕੈਨੇਡਾ ਦੇ ਵੈਨਕੂਵਰ ਸ਼ਹਿਰ ਦੀ ਚੋਣ ਕੀਤੀ ਗਈ ਹੈ। ਇਸ ਸਮਾਗਮ ਵਿੱਚ ਦੁਨੀਆਂ ਭਰ ਤੋਂ 500 ਅਹਿਮ ਸਿੱਖ ਸ਼ਖ਼ਸੀਅਤਾਂ ਸ਼ਾਮਿਲ ਹੋਣਗੀਆਂ। ਵਰਨਣਯੋਗ ਹੈ ਕਿ ਇਸ ਐਵਾਰਡ ਤੋਂ ਇਲਾਵਾ ਡਾ.ਬਾਂਸਲ ਦੀ ਸੰਸਥਾ ਵੱਲੋਂ ਵੱਖ-ਵੱਖ ਪੈਮਾਨਿਆਂ 'ਤੇ ਆਧਾਰਿਤ ਹਰ ਸਾਲ ਦੁਨੀਆਂ ਭਰ ਦੇ 100 ਸਭ ਤੋਂ ਪ੍ਰਭਾਵਸ਼ਾਲੀ ਸਿੱਖਾਂ ਦੀ ਸੂਚੀ ਵੀ ਜਾਰੀ ਕੀਤੀ ਜਾਂਦੀ ਹੈ।

## ਮੁਬਾਰਕ ਬੇਗ਼ਮ : ਹਮਾਰੀ ਯਾਦ ਆਏਗੀ...



ਵਰਲਡ ਪੰਜਾਬੀ ਟਾਈਮਜ਼ ਪ੍ਰੋ. ਨਵ ਸੰਗੀਤ ਸਿੰਘ

ਮੁਬਾਰਕ ਬੇਗਮ (5 ਜਨਵਰੀ 1936-18 ਜੁਲਾਈ 2016) ਇੱਕ ਭਾਰਤੀ ਗਾਇਕਾ ਸੀ, ਜਿਸਨੇ ਹਿੰਦੀ ਅਤੇ ਉਰਦੂ ਭਾਸ਼ਾਵਾਂ ਵਿੱਚ ਗਾਇਆ। ਉਹ 1950 ਅਤੇ 1960 ਦੇ ਦਹਾਕੇ ਦੌਰਾਨ ਬਾਲੀਵੁੱਡ ਫਿਲਮਾਂ ਵਿੱਚ ਇੱਕ ਚਰਚਿਤ ਪਿੱਠਵਰਤੀ ਗਾਇਕਾ ਸੀ। ਉਸਨੇ ਗੀਤਾਂ ਤੇ ਗ਼ਜ਼ਲਾਂ ਸਮੇਤ ਕਈ ਹੋਰ ਸ਼ੈਲੀਆਂ ਵਿੱਚ ਗਾਇਨ ਕੀਤਾ ਅਤੇ ਜਨਤਕ ਪ੍ਰਦਰਸ਼ਨ ਵੀ ਕੀਤੇ।

ਮੁਬਾਰਕ ਬੇਗਮ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਆਲ ਇੰਡੀਆ ਰੇਡੀਓ ਤੋਂ ਕੀਤੀ। ਇੱਕ ਪਲੇਅਬੈਕ ਗਾਇਕਾ ਵਜੋਂ ਉਸਦਾ ਕਰੀਅਰ 1949 ਵਿੱਚ ਭਾਰਤੀ ਹਿੰਦੀ ਫਿਲਮ 'ਆਈਏ' ਨਾਲ ਸ਼ੁਰੂ ਹੋਇਆ ਸੀ। ਇਹ ਭਾਰਤ-ਪਾਕਿਸਤਾਨੀ ਸੰਗੀਤਕਾਰ ਸ਼ੌਕਤ ਅਲੀ ਨਾਸ਼ਾਦ ਸੀ, ਜਿਸਨੇ ਬੇਗਮ ਨੂੰ ਪਹਿਲਾ ਬ੍ਰੇਕ ਦਿੱਤਾ। ਫਿਲਮਾਂ ਲਈ ਉਸਦਾ ਰਿਕਾਰਡ ਕੀਤਾ ਪਹਿਲਾ ਗੀਤ "ਮੋਹੇ ਆਨੇ ਲਾਗੀ ਅੰਗੜਾਈ ਆਜਾ ਆਜਾ ਬਲਮ" (ਆਈਏ,1949) ਸੀ। ਉਸਨੇ ਉਸੇ ਫਿਲਮ ਵਿੱਚ ਉਸ ਸਮੇਂ ਦੀ ਉੱਭਰਦੀ ਗਾਇਕਾ ਲਤਾ ਮੰਗੇਸ਼ਕਰ ਨਾਲ ਇੱਕ ਦੋਗਾਣਾ ਵੀ ਗਾਇਆ। ਉਸਦੇ ਕਰੀਅਰ ਦੇ ਮਸ਼ਹੂਰ ਗੀਤਾਂ ਵਿੱਚੋਂ "ਕਭੀ ਤਨਹਾਈਓਂ ਮੇਂ ਯੂੰ" ਹੈ, ਜਿਸਨੂੰ ਸਨੇਹਲ ਭਟਕਰ ਦੁਆਰਾ ਕਿਦਾਰ ਸ਼ਰਮਾ ਦੀ ਫਿਲਮ 'ਹਮਾਰੀ ਯਾਦ ਆਏਗੀ' (1961) ਲਈ ਰਚਿਆ ਗਿਆ ਸੀ।

ਮੁਬਾਰਕ ਬੇਗਮ ਨੇ ਆਪਣੇ ਕਰੀਅਰ ਦੌਰਾਨ ਹਿੰਦੀ ਫਿਲਮਾਂ ਲਈ ਕੁੱਲ 178 ਗਾਣੇ ਗਾਏ, ਜੋ 115 ਫਿਲਮਾਂ ਵਿੱਚ ਸ਼ਾਮਲ ਹਨ। ਹੇਠਾਂ ਉਸਦੇ ਕੁਝ ਪ੍ਰਸਿੱਧ ਗੀਤਾਂ ਦੀ ਸੂਚੀ ਦਿੱਤੀ ਜਾ ਰਹੀ ਹੈ :

"ਮੁਝਕੋ ਆਪਨੇ ਗਲੇ ਲਗਾ ਲੋ, ਐ ਮੇਰੇ ਹਮਰਾਹੀ" (ਗੀਤ ਹਸਰਤ ਜੈਪੁਰੀ; ਸੰਗੀਤ ਸ਼ੰਕਰ ਜੈਕਿਸ਼ਨ; ਫ਼ਿਲਮ ਹਮਰਾਹੀ, 1963)
"ਕਭੀ ਤਨਹਾਈਓਂ ਮੇਂ ਯੂੰ ਹਮਾਰੀ ਯਾਦ ਆਏਗੀ" (ਗੀਤ ਕਿਦਾਰ ਸ਼ਰਮਾ; ਸੰਗੀਤ ਸਨੇਹਲ ਭਟਕਰ; ਫ਼ਿਲਮ ਹਮਾਰੀ ਯਾਦ ਆਏਗੀ,1961)
"ਨੀਂਦ ਉੜ ਜਾਏ ਤੇਰੀ ਚੈਨ ਸੇ ਸੋਨੇ ਵਾਲੇ" (ਜੁਆਰੀ,1968)
"ਵੋ ਨਾ ਆਏਂਗੇ ਪਲਟ ਕਰ" (ਗੀਤ ਸਾਹਿਰ ਲੁਧਿਆਣਵੀ; ਸੰਗੀਤ ਐਸ ਡੀ ਬਰਮਨ; ਫ਼ਿਲਮ ਦੇਵਦਾਸ,1955)
"ਹਮ ਹਾਲ-ਏ-ਦਿਲ ਸੁਨਾਏਂਗੇ, ਸੁਰਜ ਕੇ ਨਾ ਸੁਨਾਏ" (ਗੀਤ ਸ਼ੈਲੇਂਦਰ; ਸੰਗੀਤ ਸਲਿਲ ਚੌਧਰੀ; ਫ਼ਿਲਮ ਮਧੁਮਤੀ,1958)
"ਵਾਅਦਾ ਹਮਸੇ ਕੀਆ ਦਿਲ ਕਿਸੀ ਕੋ ਦੀਆ (ਸਰਸਵਤੀਚੰਦ੍ਰ,1968)
"ਬੇ-ਮੁਰੱਵਤ ਬੇਵਫਾ ਬੇਗਾਨਾ-ਏ ਦਿਲ ਆਪ ਹੈਂ" (ਗੀਤ ਜਾਨ ਨਿਸਾਰ ਅਖਤਰ; ਸੰਗੀਤ ਸੀ. ਅਰਜੁਨ; ਫ਼ਿਲਮ ਸੁਸ਼ੀਲਾ,1966)
"ਐ ਦਿਲ ਬਤਾ ਹਮ ਕਹਾਂ ਆ ਗਏ" (ਖੂਨੀ ਖਜ਼ਾਨਾ, 1965)
"ਐਜੀ ਐਜੀ ਯਾਦ ਰਖਨਾ ਸਨਮ" (ਡਾਕੂ ਮੰਸੂਰ, 1961)
"ਸ਼ਮਾ ਗੁਲ ਕਰਕੇ ਨਾ ਜਾਓ ਯੂੰ" (ਅਰਬ ਕਾ ਸਿਤਾਰਾ,1961)
"ਸਾਂਵਰੀਆ ਤੇਰੀ ਯਾਦ ਮੇਂ ਰੋ ਰੋ ਮਰੇਂਗੇ ਹਮ" (ਰਾਮੂ ਤੋ ਦੀਵਾਨਾ ਹੈ,1980)
"ਹਮੇਂ ਦਮ ਦਈਕੇ ਸੌਤਨ ਘਰ ਜਾਨਾ" (ਆਸ਼ਾ ਭੌਂਸਲੇ ਨਾਲ ਮਿਲ ਕੇ; ਗੀਤ ਕਮਰ ਜਲਾਲਾਬਾਦੀ; ਸੰਗੀਤ ਇਕਬਾਲ ਕੁਰੈਸ਼ੀ; ਫ਼ਿਲਮ ਯੇ ਦਿਲ ਕਿਸਕੋ ਦੂੰ,1963)
"ਯੇ ਮੂੰਹ ਔਰ ਮਸੂਰ ਕੀ ਦਾਲ" (ਸ਼ਾਰਦਾ ਨਾਲ ਮਿਲ ਕੇ; ਅਰਾਊਂਡ ਦ ਵਰਲਡ,1967)

ਮੁਬਾਰਕ ਬੇਗਮ ਦਾ ਜਨਮ ਰਾਜਸਥਾਨ ਦੇ ਝੁੰਝੁਨੂ ਜ਼ਿਲ੍ਹੇ ਦੇ ਇੱਕ ਕਸਬੇ ਵਿੱਚ ਇੱਕ ਮੁਸਲਿਮ ਪਰਿਵਾਰ ਵਿੱਚ ਹੋਇਆ ਸੀ। ਉਸਦਾ ਵਿਆਹ ਆਪਣੇ ਹੀ ਭਾਈਚਾਰੇ ਦੇ ਇੱਕ ਵਿਅਕਤੀ, ਸ਼੍ਰੀ ਸ਼ੇਖ ਨਾਲ ਹੋਇਆ ਸੀ, ਅਤੇ ਉਹ ਦੋ ਬੱਚਿਆਂ- ਇੱਕ ਪੁੱਤਰ ਅਤੇ ਇੱਕ ਧੀ ਦੀ ਮਾਂ ਸੀ। ਉਸਦੇ ਪਤੀ ਅਤੇ ਧੀ ਦੋਵੇਂ ਹੁਣ ਜ਼ਿੰਦਾ ਨਹੀਂ ਹਨ; ਆਪਣੀ ਜ਼ਿੰਦਗੀ ਦੇ ਆਖਰੀ ਸਾਲਾਂ ਵਿੱਚ, ਉਹ ਆਪਣੇ ਪੁੱਤਰ, ਨੂੰਹ ਅਤੇ ਪੋਤੀ ਨਾਲ ਰਹਿੰਦੀ ਰਹੀ।

ਭਾਵੇਂ ਉਹ ਇੱਕ ਮਸ਼ਹੂਰ ਗਾਇਕਾ ਸੀ, ਪਰ ਬੇਗਮ ਆਪਣੀ ਪ੍ਰਤਿਭਾ ਦਾ ਫਾਇਦਾ ਉਠਾਉਣ ਵਿੱਚ ਅਸਮਰੱਥ ਸੀ। ਉਸ ਕੋਲ ਉਹ ਸਮਾਰਟ "ਨੈੱਟਵਰਕਿੰਗ" ਹੁਨਰ ਨਹੀਂ ਸਨ, ਜੋ ਮਨੋਰੰਜਨ ਉਦਯੋਗ ਵਿੱਚ ਕਰੀਅਰ ਲਈ ਇੰਨੇ ਮਹੱਤਵਪੂਰਨ ਹਨ। ਅਤੇ ਨਤੀਜੇ ਵਜੋਂ, ਉਸਦਾ ਕਰੀਅਰ ਰੁਕ ਗਿਆ। ਭਾਵੇਂ ਉਹ ਇੱਕ ਸਮਰੱਥ ਗਾਇਕਾ ਸੀ, ਪਰ ਉਹ ਵਪਾਰਕ ਮਾਮਲਿਆਂ ਵਿੱਚ ਉਨੀ ਮਾਹਿਰ ਨਹੀਂ ਸੀ। ਉਸਨੂੰ ਪੈਸੇ ਨਾਲੋਂ ਸੰਗੀਤ ਵਿੱਚ ਜ਼ਿਆਦਾ ਦਿਲਚਸਪੀ ਸੀ, ਅਤੇ ਉਸਦੇ ਰੋਜ਼ਾਨਾ ਖਰਚ ਅਤੇ ਉਦਾਰਤਾ ਨੇ ਉਸਨੂੰ ਜ਼ਿਆਦਾ ਪੈਸੇ ਬਚਾਉਣ ਦੀ ਆਗਿਆ ਨਹੀਂ ਦਿੱਤੀ। 2016 ਵਿੱਚ ਆਪਣੀ ਮੌਤ ਤੋਂ ਪਹਿਲਾਂ ਇੱਕ ਇੰਟਰਵਿਊ ਵਿੱਚ, ਜਦੋਂ ਪੁੱਛਿਆ ਗਿਆ, ਤਾਂ ਉਸਨੇ ਕਿਹਾ ਕਿ ਪਾਕਿਸਤਾਨੀ ਗ਼ਜ਼ਲ ਗਾਇਕ ਗੁਲਾਮ ਅਲੀ ਉਸਦਾ ਪਸੰਦੀਦਾ ਗਾਇਕ ਸੀ।

ਬੇਗਮ ਦੀ ਧੀ, ਜੋ ਪਾਰਕਿੰਸਨਜ਼ ਬਿਮਾਰੀ ਤੋਂ ਪੀੜਤ ਸੀ, ਅਕਤੂਬਰ 2015 ਵਿੱਚ ਮਰ ਗਈ, ਜਿਸ ਤੋਂ ਬਾਅਦ ਬੇਗਮ ਦੀ ਆਪਣੀ ਸਿਹਤ ਬਹੁਤ ਵਿਗੜਦੀ ਚਲੀ ਗਈ। ਮਈ 2016 ਵਿੱਚ, ਪ੍ਰੈਸ ਨੇ ਰਿਪੋਰਟ ਦਿੱਤੀ ਕਿ ਬੇਗਮ ਹਸਪਤਾਲ ਵਿੱਚ ਸੀ ਅਤੇ ਉਸਦਾ ਪਰਿਵਾਰ ਉਸਦੇ ਡਾਕਟਰੀ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਅਸਮਰੱਥ ਸੀ। ਉਹ ਆਪਣੇ ਪਰਿਵਾਰ ਨਾਲ, ਜਿਸ ਵਿੱਚ ਇੱਕ ਪੁੱਤਰ, ਨੂੰਹ ਅਤੇ ਪੋਤੀ ਸ਼ਾਮਲ ਸਨ, ਮੁੰਬਈ ਦੇ ਉਪਨਗਰ ਜੋਗੇਸ਼ਵਰੀ ਵਿੱਚ ਬਹਿਰਾਮ ਬਾਗ ਵਿੱਚ ਇੱਕ ਬੈੱਡਰੂਮ ਵਾਲੇ ਅਪਾਰਟਮੈਂਟ ਵਿੱਚ ਰਹਿੰਦੀ ਸੀ। ਉਸਦੀ ਇੱਕੋ ਇੱਕ ਆਮਦਨ ਇੱਕ ਪੈਨਸ਼ਨ ਸੀ, ਜੋ ਉਸਨੂੰ ਆਪਣੇ ਸਵਰਗਵਾਸੀ ਪਤੀ ਦੀ ਪੈਨਸ਼ਨ ਦੇ ਇਵਜ਼ ਵਜੋਂ ਮਿਲਦੀ ਸੀ। ਇਹ ਪੈਨਸ਼ਨ ਕਰੀਬ 800/- ਰੁਪਏ ਪ੍ਰਤੀ ਮਹੀਨਾ ਸੀ। ਭਾਰਤੀ ਮਿਆਰਾਂ ਅਨੁਸਾਰ ਇਹ ਬਹੁਤ ਹੀ ਮਾਮੂਲੀ ਪੈਨਸ਼ਨ ਹੈ। ਬੇਗਮ ਆਪਣੇ ਪੁੱਤਰ ਹੁਸੈਨ ਸ਼ੇਖ 'ਤੇ ਨਿਰਭਰ ਸੀ, ਜਿਸਨੇ ਡਰਾਈਵਰ ਵਜੋਂ ਸੁਤੰਤਰ ਤੌਰ 'ਤੇ ਕੰਮ ਕਰਕੇ ਇੱਕ ਅਨਿਸ਼ਚਿਤ ਆਮਦਨ ਕਮਾਈ ਅਤੇ ਬੇਗਮ ਦੀ ਦੇਖਭਾਲ ਉਸਦੀ ਨੂੰਹ ਕਰਦੀ ਸੀ।

ਬੇਗਮ ਦੀ ਨੂੰਹ ਜ਼ਰੀਨਾ ਹੁਸੈਨ ਸ਼ੇਖ ਨੇ ਪ੍ਰੈਸ ਨੂੰ ਦੱਸਿਆ ਕਿ ਅਦਾਕਾਰ ਸਲਮਾਨ ਖਾਨ (ਹਿੰਦੀ ਫਿਲਮ ਇੰਡਸਟਰੀ) ਅਸਲ ਵਿੱਚ ਇਕਲੌਤਾ ਵਿਅਕਤੀ ਹੈ, ਜੋ ਪਰਿਵਾਰ ਦੀ ਵਿੱਤੀ ਮਦਦ ਕਰ ਰਿਹਾ ਹੈ, ਉਹ ਵੀ ਲਗਾਤਾਰ, ਲੰਬੇ ਸਮੇਂ ਦੇ ਆਧਾਰ 'ਤੇ। ਉਹ ਬਜ਼ੁਰਗ ਬੇਗਮ ਦੀਆਂ ਸਾਰੀਆਂ ਦਵਾਈਆਂ ਦਾ ਸਾਰਾ ਖਰਚਾ ਚੁੱਕ ਰਿਹਾ ਸੀ। ਗਾਇਕਾ ਲਤਾ ਮੰਗੇਸ਼ਕਰ ਨੇ ਬੇਗਮ ਨੂੰ ਉਸਦੀ ਧੀ ਦੀ ਮੌਤ ਤੋਂ ਬਾਅਦ ਦਿਲਾਸਾ ਦਿੱਤਾ ਅਤੇ ਉਸ ਨਾਲ ਦੁੱਖ ਸਾਂਝਾ ਕੀਤਾ। ਜੂਨ 2016 ਵਿੱਚ, ਮਹਾਰਾਸ਼ਟਰ ਸਰਕਾਰ ਵਿੱਚ ਭਾਜਪਾ ਦੇ ਮੰਤਰੀ ਵਿਨੋਦ ਤਾਵੜੇ ਨੇ ਪਰਿਵਾਰ ਦੀ ਮਦਦ ਲਈ ਕਦਮ ਚੁੱਕਿਆ। ਜਦੋਂ ਤਾਵੜੇ ਨੂੰ ਪਤਾ ਲੱਗਾ ਕਿ ਅਜਿਹੀ ਕੋਈ ਸਰਕਾਰੀ ਯੋਜਨਾ ਨਹੀਂ ਹੈ, ਜਿਸ ਤਹਿਤ ਉਹ ਬੇਗਮ ਦੇ ਪਰਿਵਾਰ ਦੀ ਮਦਦ ਕਰ ਸਕਣ, ਤਾਂ ਉਸਨੇ ਆਪਣੇ ਨੇੜਲੇ ਲੋਕਾਂ ਦੁਆਰਾ ਚਲਾਏ ਜਾ ਰਹੇ ਇੱਕ ਚੈਰੀਟੇਬਲ ਟਰੱਸਟ ਤੋਂ ਮਦਦ ਮੰਗੀ ਅਤੇ ਉਨ੍ਹਾਂ ਨੇ ਬੇਗਮ ਨੂੰ ਕੁਝ ਪੈਸੇ ਦਿੱਤੇ।

ਬੇਗ਼ਮ ਅਖ਼ਤਰ ਨੇ 80 ਸਾਲ ਦੀ ਉਮਰੇ ਜੋਗੇਸ਼ਵਰੀ, ਮੁੰਬਈ (ਮਹਾਰਾਸ਼ਟਰ) ਵਿੱਚ ਆਖਰੀ ਸਾਹ ਲਿਆ। ਸੰਗੀਤ, ਖਾਸ ਕਰਕੇ ਕਲਾਸੀਕਲ ਸੰਗੀਤ ਦੀ ਦੁਨੀਆਂ ਵਿੱਚ ਬੇਗ਼ਮ ਅਖ਼ਤਰ ਨਾਂ ਹਮੇਸ਼ਾ ਜ਼ਿੰਦਾ ਰਹੇਗਾ। ਅੱਜ ਵੀ ਉਹਦਾ ਗਾਇਆ ਨਗ਼ਮਾ 'ਕਭੀ ਤਨਹਾਈਓਂ ਮੇਂ ਯੂੰ...' ਜਦ ਕਿਤੇ ਸੁਣਾਈ ਦਿੰਦਾ ਹੈ ਤਾਂ ਮੇਰੀ ਉਮਰ ਦੇ ਲੋਕਾਂ ਦੀਆਂ ਅੱਖਾਂ ਦਾ ਨਮ ਹੋ ਜਾਣਾ ਸੁਭਾਵਕ ਹੈ! ਅਜਿਹਾ ਸੋਜ਼ ਸੀ ਉਹਦੀ ਗਾਇਨ ਸ਼ੈਲੀ ਵਿੱਚ! ਖ਼ੁਦਾ ਉਹਨੂੰ ਜੰਨਤ ਅਤਾ ਫ਼ਰਮਾਏ!